ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।
**(S.S.S. Board, Punjab)**
ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ।

## ਜਨਤਕ ਸੂਚਨਾ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰ: 5 ਆਫ 2015 ਰਾਹੀਂ ਡਿਪਟੀ ਰੇਂਜਰ, ਸਹਾਇਕ ਸੁਪਰਡੰਟ/ਵੈਲਫੇਅਰ ਅਫਸਰ/ਪ੍ਰੋਬੇਸਨ ਅਫਸਰ, ਲੇਬਰ ਇੰਨਫੋਰਸਮੈਂਟ ਅਫਸਰ ਗ੍ਰੇਡ-1 (ਤਕਨੀਕੀ) ਦੀਆਂ ਆਸਾਮੀਆਂ ਦਾ ਨਤੀਜਾ ਮਿਤੀ 24.11.2016 ਬੋਰਡ ਦੀ ਵੈਬਸਾਈਟ ਤੇ ਅਪਲੋਡ ਕੀਤਾ ਗਿਆ ਸੀ।

2. ਜਾਰੀ ਇਸ਼ਤਿਹਾਰ ਅਨੁਸਾਰ ਉਮੀਦਵਾਰ ਦੀ ਸਰੀਰਕ ਲੰਬਾਈ 5 ਫੁੱਟ 7 ਇੰਚ (170.18 ਸੈਂਟੀਮੀਟਰ) ਹੋਣੀ ਚਾਹੀਦੀ ਹੈ। ਉਕਤ ਦੇ ਸਨਮੁੱਖ ਸਹਾਇਕ ਸੁਪਰਡੰਟ ਜੇਲ ਦੀ ਸਰੀਰਕ ਮਿਣਤੀ ਵਿੱਚ 170.00 ਸੈਂਟੀਮੀਟਰ ਤੱਕ ਲੰਬਾਈ ਵਾਲੇ ਉਮੀਦਵਾਰਾਂ ਨੂੰ ਸਰੀਰਕ ਮਿਣਤੀ ਵਿੱਚ ਫੇਲ ਘੋਸ਼ਿਤ ਕੀਤਾ ਗਿਆ ਸੀ। ਇਸ ਉਪਰੰਤ ਕੁਝ ਉਮੀਦਵਾਰ ਵੱਲੋਂ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵਿਖੇ ਪ੍ਰਤੀ-ਬੇਨਤੀ ਪੇਸ਼ ਕਰਕੇ ਆਪਣੀ ਸਰੀਰਕ ਮਿਣਤੀ (ਲੰਬਾਈ) ਮੁੜ ਕਰਵਾਉਣ ਲਈ ਬੇਨਤੀ ਕੀਤੀ ਗਈ ਸੀ। ਇਨ੍ਹਾਂ ਉਮੀਦਵਾਰਾਂ ਦੀ ਪ੍ਰਤੀ-ਬੇਨਤੀ ਤੇ ਵਿਚਾਰ ਕਰਦੇ ਹੋਏ 170.00 ਸੈਂਟੀਮੀਟਰ ਲੰਬਾਈ ਦੇ ਸਾਰੇ ਛੇ ਉਮੀਦਾਵਾਰਾਂ ਨੂੰ ਮਿਤੀ 2-12-16 ਨੂੰ ਬੋਰਡ ਦਫਤਰ ਵਿਖੇ ਮੁੜ ਸਰੀਰਕ ਮਿਣਤੀ (ਲੰਬਾਈ) ਲਈ ਬੁਲਾਇਆ ਗਿਆ ਸੀ। ਇਸ ਸਰੀਰਕ ਮਿਣਤੀ (ਲੰਬਾਈ) ਲਈ ਤਿੰਨ ਉਮੀਦਵਾਰ ਸ੍ਰੀ ਸੁਮੀਤ ਗੋਇਲ, ਸ੍ਰੀ ਹਰਬੰਸ ਸਿੰਘ ਅਤੇ ਸ੍ਰੀ ਤਨਵੀਰ ਸਿੰਘ ਸੰਧੂ ਸ਼ਾਮਲ ਹੋਏ ਸਨ। ਇਨ੍ਹਾਂ ਉਮੀਦਵਾਰਾਂ ਦੀ ਸਰੀਰਕ ਮਿਣਤੀ ਐਸ.ਐਸ.ਪੀ, ਮੁਹਾਲੀ ਦੇ ਦਫਤਰ ਵਿਖੇ ਕਰਵਾਈ ਗਈ ਸੀ। ਸਰੀਰਕ ਮਿਣਤੀ ਇਹ ਤਿੰਨੋਂ ਉਮੀਦਵਾਰ ਸਰੀਰਕ ਲੰਬਾਈ ਵਿੱਚ ਯੋਗ ਪਾਏ ਗਏ ਹਨ। ਇਸਤੋਂ ਇਲਾਵਾ ਇੱਕ ਉਮੀਦਵਾਰ ਸ੍ਰੀ ਦਿਨੇਸ਼ ਸਭਰਵਾਲ ਪੁੱਤਰ ਸ੍ਰੀ ਰਾਜ ਕੁਮਾਰ ਜਿਸਦੀ ਸਰੀਰਕ ਲੰਬਾਈ 170 ਸੈਂਟੀਮੀਟਰ ਸੀ ਸਹਿਬਨ ਹੋਈ ਗਲਤੀ ਨਾਲ ਪਹਿਲੋਂ ਜਾਰੀ ਯੋਗ ਸੂਚੀ ਵਿੱਚ ਯੋਗ ਦਰਸਾਇਆ ਗਿਆ ਸੀ। ਇਸ ਉਮੀਦਵਾਰ ਨੂੰ ਮਿਣਤੀ ਲਈ ਦੁਬਾਰਾ ਬੁਲਾਇਆ ਗਿਆ ਸੀ ਪ੍ਰੰਤੂ ਇਹ ਉਮੀਦਵਾਰ ਮਿਣਤੀ ਲਈ ਪੇਸ਼ ਨਹੀਂ ਹੋਇਆ। ਇਸ ਲਈ ਸਰੀਰਕ ਲੰਬਾਈ ਦੀ 170.18 ਸੈਂਟੀਮੀਟਰ ਦੀ ਸ਼ਰਤ ਪੂਰੀ ਨਾ ਕਰਨ ਕਰਕੇ ਇਸ ਦੀ ਪਾਤਰਤਾ ਰੱਦ ਕੀਤੀ ਜਾਂਦੀ ਹੈ। ਉਮੀਦਵਾਰ ਕਿਰਨਦੀਪ ਸਿੰਘ ਅਤੇ ਆਸੀਸ ਸ਼ਰਮਾ ਵੀ ਦੁਬਾਰਾ ਮਿਣਤੀ ਲਈ ਹਾਜਰ ਨਹੀਂ ਹੋਏ ਇਸ ਲਈ ਪਹਿਲਾਂ ਲਏ ਗਏ ਫੈਸਲੇ ਅਨੁਸਾਰ ਇਨ੍ਹਾਂ ਦੀ ਪਾਤਰਤਾ ਰੱਦ ਰਹੇਗੀ। ਸਰੀਰਕ ਮਿਣਤੀ (ਲੰਬਾਈ) ਵਿੱਚ ਪਾਸ ਹੋਣ ਉਪਰੰਤ ਇਨ੍ਹਾਂ ਤਿੰਨ ਉਮੀਦਾਵਾਰਾਂ ਨੂੰ ਉਨਾਂ ਦੀ ਮੈਰਿਟ ਅਨੁਸਾਰ ਨਵਾਂ ਲੜੀ ਨੰਬਰ ਜਾਰੀ ਕੀਤਾ ਜਾ ਰਿਹਾ ਹੈ ਅਤੇ ਨਵੇਂ ਨੰਬਰ ਅਨੁਸਾਰ ਸਿਫਾਰਸ਼ ਕਰਨ ਲਈ (ਜੇਕਰ ਮੈਰਿਟ ਵਿੱਚ ਆਉਣਗੇ) ਵਿਚਾਰਿਆ ਜਾਵੇਗਾ:-

| ਲੜੀ ਨੰ: | ਉਮੀਦਵਾਰ ਦਾ ਨਾਮ | ਪਿਤਾ ਦਾ ਨਾਮ | ਕੈਟਾਗਰੀ | ਜਨਮ ਮਿਤੀ | ਅੰਕ | ਕਥਨ |
|---|---|---|---|---|---|---|
| 1 | ਸੁਮੀਤ ਗੋਇਲ | ਕੇਵਲ ਚੰਦ | 101 | 25-01-93 | 76.25 | ਨਵਾਂ ਲੜੀ ਨੰਬਰ 23 A ਅਲਾਟ ਕੀਤਾ ਜਾਂਦਾ ਹੈ। |
| 2 | ਹਰਬੰਸ ਸਿੰਘ | ਦਰਸ਼ਨ ਸਿੰਘ | 103 | 22-08-87 | 75.25 | ਨਵਾਂ ਲੜੀ ਨੰਬਰ 25 A ਅਲਾਟ ਕੀਤਾ ਜਾਂਦਾ ਹੈ। |
| 3 | ਤਨਵੀਰ ਸਿੰਘ ਸੰਧੂ | ਦਿਲਬਾਗ ਸਿੰਘ ਸੰਧੂ | 101 | 04-09-91 | 73.75 | ਨਵਾਂ ਲੜੀ ਨੰਬਰ 34 A ਅਲਾਟ ਕੀਤਾ ਜਾਂਦਾ ਹੈ। |

ਸਹੀ/-
ਸਕੱਤਰ